ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ: ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਤੱਥ ਸ਼ੀਟ

ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਕੀ ਹਨ?

ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਵਿੱਚ ਇੱਕ ਤੋਂ ਵੱਧ ਜਮਾਤਾਂ ਦੇ ਵਿਦਿਆਰਥੀ ਸ਼ਾਮਲ ਹੁੰਦੇ ਹਨ। ਇਨ੍ਹਾਂ ਜਮਾਤਾਂ ਵਿੱਚ ਇੱਕ ਪਾਠਕ੍ਰਮ ਪੜਾਅ ਵਾਲੇ ਜਾਂ ਕਈ ਪਾਠਕ੍ਰਮ ਪੜਾਵਾਂ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।

NSW ਪਾਠਕ੍ਰਮ ਦਾ ਪ੍ਰਬੰਧ ਹੇਠ ਲਿਖੇ ਪੜਾਵਾਂ ਵਿੱਚ ਕੀਤਾ ਗਿਆ ਹੈ:

ਸ਼ੁਰੂਆਤੀ ਪੜਾਅ 1: ਕਿੰਡਰਗਾਰਟਨ

ਪੜਾਅ 1: ਪਹਿਲੀ ਜਮਾਤ ਅਤੇ ਦੂਸਰੀ ਜਮਾਤ

ਪੜਾਅ 2: ਤੀਸਰੀ ਜਮਾਤ ਅਤੇ ਚੌਥੀ ਜਮਾਤ

ਪੜਾਅ 3: ਪੰਜਵੀਂ ਜਮਾਤ ਅਤੇ ਛੇਵੀਂ ਜਮਾਤ

ਵਿਦਿਆਰਥੀ ਉਨ੍ਹਾਂ ਲਈ ਢੁੱਕਵੇਂ ਪਾਠਕ੍ਰਮ ਦੇ ਪੜਾਅ ਦੇ ਹਿਸਾਬ ਨਾਲ ਸਿੱਖਦੇ ਹਨ, ਭਾਵੇਂ ਉਹ ਮਿਲੀ-ਜੁਲੀ ਉਮਰ ਜਾਂ ਇੱਕੋ ਉਮਰ ਵਾਲੀ ਜਮਾਤ ਵਿੱਚ ਹੋਣ। ਉਦਾਹਰਣ ਦੇ ਲਈ, 1/2 ਜਮਾਤ ਵਿੱਚ ਦੂਸਰੀ ਜਮਾਤ ਦਾ ਵਿਦਿਆਰਥੀ, ਦੂਸਰੀ ਜਮਾਤ (ਪੜਾਅ 1) ਦਾ ਪਾਠਕ੍ਰਮ ਪੜ੍ਹਦਾ ਹੈ, ਜਿਵੇਂ ਕਿ 4/5/6 ਜਮਾਤ ਵਿੱਚ ਪੜ੍ਹਦਾ ਚੌਥੀ ਜਮਾਤ ਦਾ ਵਿਦਿਆਰਥੀ ਚੌਥੀ ਜਮਾਤ (ਪੜਾਅ 2) ਦਾ ਪਾਠਕ੍ਰਮ ਪੜ੍ਹਦਾ ਹੈ।

ਮੇਰੇ ਬੱਚੇ ਦੇ ਸਕੂਲ ਵਿੱਚ ਮਿਲੀ-ਜੁਲੀ ਉਮਰ ਦੀਆਂ ਜਮਾਤਾਂ ਕਿਉਂ ਹੋ ਸਕਦੀਆਂ ਹਨ?

ਆਸਟ੍ਰੇਲੀਆ ਦੇ ਸਕੂਲਾਂ ਵਿੱਚ ਮਿਲੀ-ਜੁਲੀ ਉਮਰ ਦੀਆਂ ਜਮਾਤਾਂ ਆਮ ਹਨ, ਅਤੇ ਇਨ੍ਹਾਂ ਨੂੰ ਹੇਠਲੇ ਕਾਰਨਾਂ ਕਰਕੇ ਬਣਾਇਆ ਜਾ ਸਕਦਾ ਹੈ:

- **ਦਾਖ਼ਲੇ ਦੀਆਂ ਤਰਤੀਬਾਂ** - ਜਮਾਤਾਂ ਦੇ ਸਮੂਹ ਦੇ ਆਕਾਰ ਸਾਲ-ਦਰ-ਸਾਲ ਬਦਲਦੇ ਹਨ। ਮਿਲੀ-ਜੁਲੀ ਉਮਰ ਦੀਆਂ ਜਮਾਤਾਂ, ਸਕੂਲਾਂ ਨੂੰ ਜਮਾਤ ਦੇ ਸੰਤੁਲਿਤ ਆਕਾਰ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ।
- **ਵਿਦਿਅਕ ਲਾਭ** - ਸਕੂਲ ਇਨ੍ਹਾਂ ਜਮਾਤੀ ਢਾਂਚਿਆਂ ਦੀ ਵਰਤੋਂ ਕਰ ਸਕਦੇ ਹਨ, ਕਿਉਂਕਿ ਉਹ ਪੜ੍ਹਾਈ ਅਤੇ ਸਮਾਜਿਕ ਲਾਭਾਂ ਦੀ ਪੇਸ਼ਕਸ਼ ਕਰ ਸਕਦੇ ਹਨ।
- **ਛੋਟੇ ਸਕੂਲ** - ਛੋਟੇ ਅਤੇ ਪੇਂਡੂ ਸਕੂਲਾਂ ਵਿੱਚ ਮਿਲੀ-ਜੁਲੀ ਉਮਰ ਦੀਆਂ ਜਮਾਤਾਂ ਆਮ ਹਨ, ਜਿੱਥੇ ਉਹ ਜਮਾਤਾਂ ਨੂੰ ਪੂਰੀਆਂ ਭਰਨ ਵਿੱਚ ਸਹਾਇਤਾ ਕਰਦੀਆਂ ਹਨ।

CC BY

ਵਿਦਿਆਰਥੀਆਂ ਨੂੰ ਮਿਲੀ-ਜੁਲੀ ਉਮਰ ਦੀ ਜਮਾਤ ਵਿੱਚ ਕਿਵੇਂ ਪਾਇਆ ਜਾਂਦਾ ਹੈ?

ਪ੍ਰਿੰਸੀਪਲ ਅਤੇ ਅਧਿਆਪਕ ਜਮਾਤਾਂ ਵਿੱਚ ਪਾਉਣ ਦਾ ਫ਼ੈਸਲਾ ਹੇਠ ਲਿਖੀਆਂ ਚੀਜ਼ਾਂ 'ਤੇ ਵਿਚਾਰ ਕਰਕੇ ਕਰਦੇ ਹਨ:

- ਵਿਦਿਆਰਥੀ ਦੀ ਪੜ੍ਹਾਈ ਅਤੇ ਸ਼ਮੂਲੀਅਤ।
- ਸਕੂਲ ਭਰ ਦੇ ਵਿਦਿਆਰਥੀਆਂ ਦਾ ਮਿਸ਼ਰਣ।
- ਖ਼ੂਬੀਆਂ, ਰੁਚੀਆਂ ਅਤੇ ਸਿੱਖਣ ਦੀਆਂ ਜ਼ਰੂਰਤਾਂ ਦਾ ਸੰਤੁਲਨ।
- ਸਮਾਜਿਕ ਭਲਾਈ ਅਤੇ ਦੋਸਤੀਆਂ।
- ਪਾਠਕ੍ਰਮ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੜ੍ਹਾਉਣਾ
- ਸਾਰੀਆਂ ਜਮਾਤਾਂ ਵਿੱਚ ਬਦਲਾਵਾਂ ਅਤੇ ਸਹਾਇਤਾ ਦੇਣ ਦਾ ਪ੍ਰਬੰਧ ਕਰਨਾ।

ਵਿਦਿਆਰਥੀਆਂ ਨੂੰ ਜਮਾਤਾਂ ਵਿੱਚ ਉਨ੍ਹਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਪਾਇਆ ਜਾਂਦਾ ਹੈ ਤਾਂ ਜੋ ਸਿੱਖਣ ਵਿੱਚ ਸਹਾਇਤਾ ਕੀਤੀ ਜਾ ਸਕੇ। ਮਿਲੀ-ਜੁਲੀ ਉਮਰ ਦੀ ਜਮਾਤ ਵਿੱਚ ਪਾਏ ਜਾਣ ਦਾ ਮਤਲਬ ਇਹ **ਨਹੀਂ** ਹੈ ਕਿ ਕੋਈ ਵਿਦਿਆਰਥੀ ਪਾਠਕ੍ਰਮ ਦੇ ਪੜਾਅ ਦੀਆਂ ਉਮੀਦਾਂ ਤੋਂ ਉੱਪਰ ਜਾਂ ਹੇਠਾਂ ਹੈ।

ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਵਿੱਚ ਪੜ੍ਹਨਾ ਕਿਹੋ ਜਿਹਾ ਹੁੰਦਾ ਹੈ?

ਅਧਿਆਪਕ NSW ਪਾਠਕ੍ਰਮ ਦੀ ਵਰਤੋਂ ਕਰਕੇ ਪੜ੍ਹਾਈ ਦੀ ਯੋਜਨਾ ਬਣਾਉਂਦੇ ਹਨ, ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਪੜ੍ਹਾਉਣ ਦੇ ਤਰੀਕੇ ਵਿੱਚ ਬਦਲਾਵ ਕਰਦੇ ਹਨ। ਇਸ ਨੂੰ **ਵੱਖਰੇਵਾਂ (differentiation)** ਕਿਹਾ ਜਾਂਦਾ ਹੈ, ਅਤੇ ਇਹ ਸਾਰੀਆਂ ਜਮਾਤਾਂ ਦੇ ਵਿੱਚ ਹੁੰਦਾ ਹੈ, ਕਿਉਂਕਿ ਵਿਦਿਆਰਥੀ ਵੱਖੋ ਵੱਖਰੀ ਗਤੀ ਨਾਲ ਸਿੱਖਦੇ ਹਨ।

ਮਿਲੀ-ਜੁਲੀ ਉਮਰ ਵਾਲੀ ਜਮਾਤ ਵਿੱਚ, ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਕਰਨ ਲਈ ਕਈ ਤਰ੍ਹਾਂ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਕੁਝ ਗਤੀਵਿਧੀਆਂ ਲਈ ਪੂਰੀ ਜਮਾਤ ਨੂੰ ਇਕੱਠੇ ਪੜ੍ਹਾਉਣਾ
- ਵਿਸ਼ੇਸ਼ ਸਿੱਖਣ ਦੀਆਂ ਗਤੀਵਿਧੀਆਂ ਲਈ ਛੋਟੇ ਸਮੂਹਾਂ ਵਿੱਚ ਕੰਮ ਕਰਨਾ
- ਚੁਣੌਤੀ ਜਾਂ ਸਹਾਇਤਾ ਪ੍ਰਦਾਨ ਕਰਨ ਲਈ ਪੜ੍ਹਾਈ ਵਿੱਚ ਵੱਖਰੇਵਾਂ ਪਾਉਣਾ
- ਗਤੀਵਿਧੀਆਂ, ਸਰੋਤਾਂ ਜਾਂ ਵਿਦਿਆਰਥੀਆਂ ਵੱਲੋਂ ਆਪਣੀ ਸਿੱਖਿਆ ਦਾ ਪ੍ਰਦਰਸ਼ਨ ਕਰਨ ਦੇ ਤਰੀਕਿਆਂ ਵਿੱਚ ਤਬਦੀਲੀ ਕਰਨਾ।।

ਤੁਹਾਡੇ ਸਵਾਲਾਂ ਦੇ ਜਵਾਬ

ਕੀ ਮੇਰੇ ਬੱਚੇ ਨੂੰ ਅਧਿਆਪਕ ਤੋਂ ਘੱਟ ਧਿਆਨ ਮਿਲੇਗਾ?

ਜਮਾਤ ਦਾ ਢਾਂਚਾ ਇਹ ਨਿਰਧਾਰਤ ਨਹੀਂ ਕਰਦਾ ਕਿ ਇੱਕ ਵਿਦਿਆਰਥੀ ਕਿੰਨਾ ਧਿਆਨ ਹਾਸਲ ਕਰਦਾ ਹੈ। ਅਧਿਆਪਕ ਇਹ ਜਾਣਦੇ ਹੋਏ ਪਾਠ ਦੀ ਯੋਜਨਾ ਬਣਾਉਂਦੇ ਹਨ, ਕਿ ਵਿਦਿਆਰਥੀ ਸਿੱਖਣ ਦੇ ਵੱਖੋ ਵੱਖਰੇ ਪੜਾਵਾਂ 'ਤੇ ਹਨ, ਜਿਵੇਂ ਕਿ ਇੱਕੋ ਸਾਲ ਵਾਲੀਆਂ ਜਮਾਤਾਂ ਵਿੱਚ ਹੁੰਦਾ ਹੈ।

ਕੀ ਮੇਰਾ ਬੱਚਾ ਉਸ ਕੰਮ ਨੂੰ ਦੁਹਰਾਏਗਾ ਜੋ ਉਸ ਨੇ ਪਹਿਲਾਂ ਹੀ ਕੀਤਾ ਹੈ?

ਅਧਿਆਪਕ ਵਿਦਿਆਰਥੀ ਦੀ ਤਰੱਕੀ ਦਾ ਹਿਸਾਬ ਰੱਖਦੇ ਹਨ, ਅਤੇ ਉਸ ਅਨੁਸਾਰ ਉਨ੍ਹਾਂ ਦੇ ਸਬਕਾਂ ਦੀ ਯੋਜਨਾ ਬਣਾਉਂਦੇ ਹਨ। ਵਿਦਿਆਰਥੀ ਆਪਣੇ ਸੰਬੰਧਿਤ ਪਾਠਕ੍ਰਮ ਨਾਲ ਸਿੱਖਣਾ ਜਾਰੀ ਰੱਖਣਗੇ, ਅਤੇ ਉਨ੍ਹਾਂ ਨੂੰ ਨਵੀਂਆਂ ਚੀਜ਼ਾਂ ਸਿੱਖਣ ਵੱਲ ਅੱਗੇ ਵਧਣ ਲਈ ਸਹਾਇਤਾ ਮਿਲੇਗੀ।

ਕੀ ਮੇਰਾ ਬੱਚਾ ਅਜੇ ਵੀ ਆਪਣੇ ਦੋਸਤਾਂ ਨੂੰ ਮਿਲ ਸਕੇਗਾ?

ਸਕੂਲ, ਜਮਾਤਾਂ ਬਣਾਉਣ ਵੇਲੇ ਦੋਸਤੀਆਂ ਨੂੰ ਧਿਆਨ ਵਿੱਚ ਰੱਖਦੇ ਹਨ। ਵਿਦਿਆਰਥੀ ਛੁੱਟੀ (ਬ੍ਰੇਕ) ਦੇ ਦੌਰਾਨ ਅਤੇ ਪੂਰੇ ਸਕੂਲ ਦੀਆਂ ਗਤੀਵਿਧੀਆਂ ਦੌਰਾਨ ਆਪਣੇ ਦੋਸਤਾਂ ਨਾਲ ਗੱਲਬਾਤ ਕਰਨ ਦੇ ਯੋਗ ਹੁੰਦੇ ਹਨ।

ਕੀ ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਮੇਰੇ ਬੱਚੇ ਨੂੰ ਪੜ੍ਹਾਏ ਜਾਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਨਗੀਆਂ?

ਅਧਿਆਪਕ ਸਪੱਸ਼ਟ ਤਰੀਕੇ ਨਾਲ ਪੜ੍ਹਾਈ ਕਰਵਾਉਂਦੇ ਹਨ, ਅਤੇ ਵਿਦਿਆਰਥੀਆਂ ਦੀ ਸਿੱਖਣ, ਮੁਲਾਂਕਣ ਕਰਨ, ਖੂਬੀਆਂ ਅਤੇ ਜ਼ਰੂਰਤਾਂ ਦੇ ਅਧਾਰ ਤੇ ਤਰੀਕਿਆਂ ਨੂੰ ਉਪਰ-ਥੱਲੇ ਕਰਦੇ ਹਨ। ਇਹ ਹਰ ਤਰ੍ਹਾਂ ਦੀ ਜਮਾਤ ਵਿੱਚ ਹੁੰਦਾ ਹੈ।

ਕੀ ਮੇਰੇ ਬੱਚੇ ਕੋਲ ਭਰਪੂਰ ਸਿੱਖਣ ਜਾਂ ਉਚਿਤ ਚੁਣੌਤੀ ਦੇ ਮੌਕੇ ਹੋਣਗੇ?

NSW ਦੇ ਸਾਰੇ ਸਰਕਾਰੀ ਸਕੂਲ, ਵਿਭਾਗ ਦੀ ਉੱਚ ਸੰਭਾਵਨਾ ਅਤੇ ਪ੍ਰਤਿਭਾਸ਼ਾਲੀ ਸਿੱਖਿਆ ਨੀਤੀ ਦੇ ਅਧੀਨ ਉੱਚ ਸੰਭਾਵੀ ਜਾਂ ਪ੍ਰਤਿਭਾਸ਼ਾਲੀ ਯੋਗਤਾਵਾਂ ਵਾਲੇ ਵਿਦਿਆਰਥੀਆਂ ਦਾ ਸਹਿਯੋਗ ਕਰਦੇ ਹਨ। ਅਧਿਆਪਕ ਵਿਦਿਆਰਥੀਆਂ ਦੀਆਂ ਖੂਬੀਆਂ ਦੀ ਭਾਲ ਕਰਦੇ ਹਨ, ਅਤੇ ਮੇਲ ਕਰਨ ਲਈ ਉਚਿਤ ਭਰਪੂਰਤਾ ਜਾਂ ਵਿਸਥਾਰ ਦੀ ਯੋਜਨਾ ਬਣਾਉਂਦੇ ਹਨ। ਇਹ ਹਰ ਤਰ੍ਹਾਂ ਦੀ ਜਮਾਤ ਵਿੱਚ ਹੁੰਦਾ ਹੈ। ਮਿਲੀ-ਜੁਲੀ ਉਮਰ ਵਾਲੀ ਜਮਾਤ ਵਿੱਚ ਪੜ੍ਹਾਏ ਜਾਣ ਨਾਲ ਇਨ੍ਹਾਂ ਮੌਕਿਆਂ ਨੂੰ ਸੀਮਤ ਨਹੀਂ ਕੀਤਾ ਜਾਂਦਾ ਹੈ।

ਮਿਲੀ-ਜੁਲੀ ਉਮਰ ਵਾਲੀ ਜਮਾਤ ਵਿੱਚ ਅਪੰਗਤਾ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕੀਤੀ ਜਾਂਦੀ ਹੈ?

ਅਪੰਗਤਾ ਵਾਲੇ ਵਿਦਿਆਰਥੀਆਂ ਦੀ ਹਰ ਜਮਾਤ ਵਿੱਚ ਪੜ੍ਹਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਸਹਾਇਤਾ ਕੀਤੀ ਜਾਂਦੀ ਹੈ, ਜਿਸ ਵਿੱਚ ਮਿਲੀ-ਜੁਲੀ ਉਮਰ ਦੀਆਂ ਜਮਾਤਾਂ ਸ਼ਾਮਲ ਹਨ, ਭਾਵੇਂ ਉਹ ਮੁੱਖ ਧਾਰਾ ਵਿੱਚ ਹੋਣ ਜਾਂ ਮਦਦ ਵਾਲੀ ਜਮਾਤ ਦੇ ਹਾਲਾਤਾਂ ਵਿੱਚ ਹੋਣ। ਅਧਿਆਪਕ ਹਰੇਕ ਵਿਦਿਆਰਥੀ ਦੀਆਂ ਖੂਬੀਆਂ, ਜ਼ਰੂਰਤਾਂ ਅਤੇ ਟੀਚਿਆਂ ਨੂੰ ਜਾਣਦੇ ਹਨ, ਅਤੇ ਵੱਖਰੇਵੇਂ ਵਾਲੀ ਪੜ੍ਹਾਈ, ਵਾਜਬ ਬਦਲਾਵਾਂ ਅਤੇ, ਜਿੱਥੇ ਲੋੜ ਪਵੇ, ਵਿਅਕਤੀਗਤ ਸਿਖਲਾਈ ਅਤੇ ਸਹਾਇਤਾ ਯੋਜਨਾ ਦੀ ਵਰਤੋਂ ਕਰਦੇ ਹਨ, ਤਾਂ ਜੋ ਉਨ੍ਹਾਂ ਨੂੰ ਸਫ਼ਲ ਹੋਣ ਵਿੱਚ ਸਹਾਇਤਾ ਕੀਤੀ ਜਾ ਸਕੇ। ਇਹ ਫ਼ੈਸਲੇ ਵਿਦਿਆਰਥੀਆਂ ਦੇ ਨਾਲ ਅਤੇ ਜਿੱਥੇ ਉਚਿਤ ਹੋਵੇ, ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਸੰਬੰਧਿਤ ਸਕੂਲ ਦੇ ਅਮਲੇ ਨਾਲ ਮਿਲ ਕੇ ਕੀਤੇ ਜਾਂਦੇ ਹਨ। ਮਿਲੀ-ਜੁਲੀ ਉਮਰ ਵਾਲੀ ਜਮਾਤ ਵਿੱਚ ਰੱਖੇ ਜਾਣ ਨਾਲ ਵਿਦਿਆਰਥੀ ਦੇ ਵਿਅਕਤੀਗਤ ਸਹਾਇਤਾ ਪ੍ਰਬੰਧ ਨਹੀਂ ਬਦਲਦੇ ਹਨ।

ਖੋਜ ਕੀ ਕਹਿੰਦੀ ਹੈ?

ਉੱਚ-ਗੁਣਵੱਤਾ ਨਾਲ ਪੜ੍ਹਾਉਣ ਦਾ ਵਿਦਿਆਰਥੀਆਂ ਦੀ ਸਿਖਲਾਈ 'ਤੇ ਇੱਕ ਵੱਡਾ ਪ੍ਰਭਾਵ ਹੈ, ਜਿਸ ਦਾ ਜਮਾਤ ਦੇ ਆਕਾਰ, ਇਸ ਦੀ ਰਚਨਾ ਜਾਂ ਹੋਰ ਸਰੋਤਾਂ ਨਾਲੋਂ ਵਧੇਰੇ ਪ੍ਰਭਾਵ ਪੈਂਦਾ ਹੈ। ਖੋਜ ਦਰਸਾਉਂਦੀ ਹੈ ਕਿ ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਵਿੱਚ ਵਿਦਿਆਰਥੀ ਇੱਕੋ ਉਮਰ ਦੀਆਂ ਜਮਾਤਾਂ ਵਿੱਚ ਵਿਦਿਆਰਥੀਆਂ ਦੇ ਬਰਾਬਰ ਅਕਾਦਮਿਕ ਨਤੀਜੇ ਹਾਸਲ ਕਰਦੇ ਹਨ, ਜਦੋਂ ਪੜ੍ਹਾਈ ਚੰਗੀ ਤਰ੍ਹਾਂ ਯੋਜਨਾਬੱਧ ਹੁੰਦੀ ਹੈ ਅਤੇ ਵਿਦਿਆਰਥੀਆਂ ਨੂੰ ਉਚਿਤ ਸਹਾਇਤਾ ਮਿਲਦੀ ਹੈ। ਮਿਲੀ-ਜੁਲੀ ਉਮਰ ਵਾਲੀਆਂ ਜਮਾਤਾਂ ਵਿਦਿਆਰਥੀਆਂ ਨੂੰ ਵੱਖ-ਵੱਖ ਉਮਰ ਅਤੇ ਯੋਗਤਾਵਾਂ ਦੇ ਹਾਣੀਆਂ ਨਾਲ ਸਹਿਯੋਗ, ਹਮਦਰਦੀ ਅਤੇ ਚੰਗੇ ਸੰਬੰਧ ਵਿਕਸਤ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ।

ਟੈਲੀਫੋਨ ਰਾਹੀਂ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫੋਨ ਰਾਹੀਂ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ, ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ, ਜਿਸ 'ਤੇ ਤੁਸੀਂ ਕਾਲ ਕਰਨਾ ਚਾਹੁੰਦੇ ਹੋ, ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।